
ਆਓ ਗੱਤਕੇ ਨੂੰ ਪ੍ਰਫੁੱਲਤ ਕਰੀਏ
ਵਿਰਾਸਤੀ ਯੁੱਧ ਕਲਾ ਗੱਤਕਾ

ੴ

🙏ਵਾਹਿਗੁਰੂ ਜੀ ਕਾ ਖਾਲਸਾ ।
ਵਾਹਿਗੁਰੂ ਜੀ ਕੀ ਫਤਹਿ ।।🙏

# ਸਿੱਖ ਸ਼ਸਤਰ ਕਲਾ ਤੇ ਗੱਤਕਾ

## ਲੋੜ ਹੈ ਬਣਦਾ ਰੁਤਬਾ ਦਿਵਾਉਣ ਦੀ

ਸਿੱਖ ਸ਼ਸਤਰ ਵਿੱਦਿਆ ਗੁਰੂ ਸਾਹਿਬਾਨ ਵੱਲੋਂ ਬਰਸੋਈ ਹੋਈ ਸਵੈ ਰੱਖਿਆ ਦੀ ਇਕ ਪੁਰਾਤਨ ਕਲਾ ਹੈ ਜਿਸ ਵਿੱਚ ਦਰਜਨ ਤੋਂ ਵੱਧ ਵੱਖ ਵੱਖ ਤਰ੍ਹਾਂ ਦੇ ਸ਼ਸਤਰ ਸ਼ਾਮਲ ਹਨ। ਗੱਤਕਾ ਸੋਟੀ ਇਸ ਵਿਸ਼ਾਲ ਸ਼ਸਤਰ ਵਿੱਦਿਆ ਦੇ ਭੰਡਾਰ ਦਾ ਇੱਕ ਅਨਿੱਖੜਵਾਂ ਅੰਗ ਹੈ ਜਿਸ ਨੂੰ ਸਵੈ ਰੱਖਿਆ ਲਈ ਇੱਕ ਮੁੱਢਲੀ ਸਿਖਲਾਈ ਵਜੋਂ ਸਿੱਖਿਆ ਜਾਂਦਾ ਹੈ ਅਤੇ ਤਲਵਾਰਬਾਜ਼ੀ ਸਿੱਖਣ ਤੋਂ ਪਹਿਲਾਂ ਇਹ ਇਕ ਮੁੱਢਲਾ ਸ਼ਸ਼ਤਰ ਹੈ। ਗੱਤਕਾ ਅਸਲ ਵਿਚ ਸੋਟੀ ਨੂੰ ਕਿਹਾ ਜਾਂਦਾ ਹੈ ਅਤੇ ਸੋਟੀ ਦੀ ਲੜਾਈ ਭਾਰਤ ਵਿੱਚ ਅਤੇ ਭਾਰਤ ਤੋਂ ਬਾਹਰ ਦੋ ਦਰਜਨ ਮੁਲਕਾਂ ਵਿੱਚ ਵੱਖ ਵੱਖ ਰੂਪਾਂ ਨਾਲ ਪ੍ਰਚੱਲਤ ਹੈ।

ਬਾਬਾ ਬੁੱਢਾ ਜੀ ਤੋਂ ਸ਼ੁਰੂ ਹੋਈ ਸ਼ਸਤਰ ਵਿੱਦਿਆ ਨੂੰ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਜੀ ਨੇ ਸਿੱਖਾਂ ਵਿੱਚ ਪ੍ਰਚੱਲਤ ਕੀਤਾ। ਉਪਰੰਤ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸ਼ਸਤਰ ਵਿੱਦਿਆ ਅਤੇ ਗੱਤਕੇ ਵਿੱਚ ਯੁੱਧ ਕਲਾ ਦਾ ਸੁਮੇਲ ਸਿਰਜਿਆ।

ਪੁਰਾਤਨ ਸਮਿਆਂ ਵਿੱਚ ਸ਼ਸਤਰ ਵਿੱਦਿਆ ਨੂੰ ਆਮ ਕਰਕੇ ਸਿੱਖ ਹੀ ਖੇਡਦੇ ਸਨ ਪਰ ਸਮਾਂ ਪੈਣ ਤੇ ਵੱਖ ਵੱਖ ਸ਼ਸਤਰਾਂ ਨੂੰ ਸਿੱਖਣ ਅਤੇ ਗੱਤਕਾ ਖੇਡਣਾ ਆਮ ਲੋਕਾਂ ਨੇ ਵੀ ਸ਼ੁਰੂ ਕਰ ਦਿੱਤਾ।

ਗੱਤਕਾ ਖੇਡਣ ਦਾ ਮੂਲ ਸਿਧਾਂਤ ਰੋਕੋ ਅਤੇ ਠੋਕੋ ਹੈ ਜਿਸਦਾ ਮਤਲਬ ਪਹਿਲਾਂ ਵਿਰੋਧੀ ਦੇ ਵਾਰ ਨੂੰ ਰੋਕਣਾ ਅਤੇ ਫਿਰ ਉਸ ਹਮਲੇ ਦਾ ਮੋੜਵਾਂ ਜਵਾਬ ਦੇਣਾ। ਅਸਲ ਵਿੱਚ ਸ਼ਸਤਰ ਵਿੱਦਿਆ ਅਤੇ ਗਤਕਾ ਪੁਰਾਤਨ ਜੰਗਾਂ ਵੇਲੇ ਇਕ ਯੁੱਧ ਕਲਾ ਵਜੋਂ ਮਕਬੂਲ ਸੀ ਅਤੇ ਨਿਹੰਗ ਸਿੰਘਾਂ ਦੀ ਇਹ ਪ੍ਰਚੱਲਤ ਖੇਡ ਸੀ।

ੴ

ਵਾਹਿਗੁਰੂ ਜੀ ਕਾ ਖਾਲਸਾ ।
ਵਾਹਿਗੁਰੂ ਜੀ ਕੀ ਫਤਹਿ ।।

ਸਿੱਖ ਸ਼ਸਤਰ ਕਲਾ ਦੇ ਭੰਡਾਰ ਵਿਚ ਵੱਖ ਵੱਖ ਤਰ੍ਹਾਂ ਦੇ ਬਹੁਤ ਸ਼ਸਤਰ ਸ਼ਾਮਲ ਹਨ ਜਿਨ੍ਹਾਂ ਵਿੱਚ ਕਿਰਪਾਨ, ਤਲਵਾਰ, ਢਾਲ, ਡਾਂਗ, ਬਰਛਾ, ਗੰਡਾਸੀ, ਸਫਾਜੰਗ, ਕਮੰਦ ਤੋੜਾ, ਕਟਾਰ, ਗੁਰਜ, ਖੰਡਾ, ਤੇਗਾ, ਜਮਦਾੜ ਤੇ ਮਰਹੱਟੀ ਤੋਂ ਇਲਾਵਾ ਘੋੜਸਵਾਰੀ, ਨੇਜ਼ੇਬਾਜ਼ੀ, ਨਿਸ਼ਾਨੇਬਾਜ਼ੀ, ਤੀਰਅੰਦਾਜ਼ੀ, ਪਹਿਲਵਾਨੀ ਆਦਿ ਸਿੱਖ ਖੇਡਾਂ ਦਾ ਹਿੱਸਾ ਹਨ।

ਪਹਿਲਾਂ ਪਹਿਲ ਗੱਤਕੇ ਦੀ ਸਿਖਲਾਈ ਗੁਰਦੁਆਰਾ ਸਾਹਿਬਾਨ ਜਾਂ ਨਿਹੰਗ ਸਿੰਘਾਂ ਦੀਆਂ ਛਾਉਣੀਆਂ ਜਾਂ ਵਿਸ਼ੇਸ਼ ਅਖਾੜਿਆਂ ਵਿੱਚ ਹੀ ਪ੍ਰਚੱਲਤ ਸੀ ਪਰ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ, ਗੱਤਕਾ ਐਸੋਸੀਏਸ਼ਨ ਪੰਜਾਬ ਅਤੇ ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਕੌਂਸਲ ਵੱਲੋਂ ਪਿਛਲੇ ਡੇਢ ਦਹਾਕੇ ਤੋਂ ਕੀਤੇ ਜਾ ਰਹੇ ਨਿਰਸਵਾਰਥ ਉਪਰਾਲਿਆਂ ਸਦਕਾ ਇਹ ਖੇਡ ਸਕੂਲਾਂ ਕਾਲਜਾਂ ਵਿੱਚ ਸਿੱਖੀ ਤੇ ਖੇਡੀ ਜਾਣ ਲੱਗੀ ਹੈ ਅਤੇ ਕਾਫ਼ੀ ਮੱਲਾਂ ਵੀ ਮਾਰੀਆਂ ਹਨ।

ਪਰ ਜੇਕਰ ਇਸ ਦੇ ਪਿਛੋਕੜ ਵੱਲ ਨਜ਼ਰ ਮਾਰੀਏ ਤਾਂ ਗੱਤਕੇ ਦੇ ਹਾਣ ਦੀਆਂ ਖੇਡਾਂ ਕਦੋਂ ਦੀਆਂ ਓਲੰਪਿਕ ਖੇਡਾਂ ਦਾ ਹਿੱਸਾ ਬਣ ਚੁੱਕੀਆਂ ਹਨ ਅਤੇ ਇਸ ਤੋਂ ਪਿੱਛੋਂ ਉਪਜੀਆਂ ਖੇਡਾਂ ਵੀ ਅੱਜ ਕੌਮਾਂਤਰੀ ਪੱਧਰ ਉਤੇ ਮਕਬੂਲ ਹੋ ਚੁੱਕੀਆਂ ਹਨ ਜਦ ਕਿ ਗੱਤਕਾ ਖੇਡ ਉਨੀ ਤਰੱਕੀ ਨਹੀਂ ਕਰ ਸਕੀ।

ਇਸ ਦੇ ਕਈ ਕਾਰਨ ਹਨ ਕਿ ਵਿਦਿਆਰਥੀਆਂ ਅੰਦਰ ਗੱਤਕੇ ਨੂੰ ਸਿੱਖਣ ਦੀ ਰੁਚੀ ਦਿਨੋਂ ਦਿਨ ਘਟਦੀ ਗਈ ਕਿਉਂਕਿ ਬੱਚੇ ਰਵਾਇਤੀ ਬਾਣੇ ਵਿੱਚ ਰਹਿਣ ਦੀ ਥਾਂ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਹੇਠ ਆਉਂਦੇ ਗਏ ਅਤੇ ਅੰਮ੍ਰਿਤਧਾਰੀ ਨਾ ਬਣਨਾ, ਰੋਮਾਂ ਦੀ ਬੇਅਦਬੀ ਕਰਨੀ ਅਤੇ ਆਧੁਨਿਕ ਕੱਪੜੇ ਪਹਿਨਣ ਕਾਰਨ ਉਨ੍ਹਾਂ ਦਾ ਗੱਤਕੇ ਵੱਲ ਰੋਮਾਂਚ ਘਟਦਾ ਗਿਆ। ਸਵੈ ਰੱਖਿਆ ਦੀ ਇਸ ਸਸਤੀ ਤੇ ਸੁਖਾਲੀ ਖੇਡ ਦੇ ਮੁਕਾਬਲੇ ਭਾਰਤ ਵਿੱਚ ਆਈਆਂ ਕੁਝ ਵਿਦੇਸ਼ੀ ਮੁਲਕਾਂ ਦੀਆਂ ਸਵੈ ਰੱਖਿਆ ਵਾਲੀਆਂ ਖੇਡਾਂ ਨੇ ਇਸ ਦਾ ਥਾਂ ਮੱਲ ਲਿਆ।

ੴ

🙏ਵਾਹਿਗੁਰੂ ਜੀ ਕਾ ਖਾਲਸਾ |
ਵਾਹਿਗੁਰੂ ਜੀ ਕੀ ਫਤਹਿ ||🙏

ਇਸ ਦਾ ਦੂਸਰਾ ਕਾਰਨ ਖ਼ੁਦ ਪੰਜਾਬੀਆਂ ਖ਼ਾਸ ਕਰਕੇ ਸਿੱਖਾਂ ਦਾ ਆਪਣੀ ਪੁਸ਼ਤੈਨੀ ਖੇਡ ਵੱਲ ਅਵੇਸਲੇ ਹੋਣਾ ਸੀ ਜਿਨ੍ਹਾਂ ਨੇ ਇਸ ਦੇ ਪ੍ਰਚਾਰ-ਪਸਾਰ ਲਈ ਬਹੁਤਾ ਧਿਆਨ ਨਹੀਂ ਦਿੱਤਾ। ਸਾਲ 1936 ਵਿੱਚ ਅਣਵੰਡੇ ਪੰਜਾਬ ਅੰਦਰ ਯੂਨੀਵਰਸਿਟੀਆਂ-ਕਾਲਜਾਂ ਦੀ ਮਕਬੂਲ ਖੇਡ ਗੱਤਕਾ ਨੂੰ ਹੌਲੀ ਹੌਲੀ ਇਸ ਦੀ ਆਪਣੀ ਸਰਜ਼ਮੀ ਉੱਤੇ ਹੀ ਵਿਸਾਰ ਦਿੱਤਾ ਗਿਆ।

ਅੱਜਕੱਲ੍ਹ ਵੀ ਇਸ ਖੇਡ ਨੂੰ ਪ੍ਰਫੁੱਲਤ ਕਰਨ ਵਿੱਚ ਲੱਗੇ ਖੇਡ ਪ੍ਰੇਮੀ ਅਤੇ ਇਸ ਨੂੰ ਖੇਡਣ ਵਾਲੇ ਬੱਚਿਆਂ ਵਿੱਚ ਸਾਧਾਰਨ ਘਰਾਂ ਦੇ ਬੱਚੇ ਹੀ ਸ਼ਾਮਲ ਹਨ।

ਗੱਤਕਾ ਖੇਡ ਦੀ ਪ੍ਰਫੁੱਲਤਾ, ਪ੍ਰਚਾਰ ਤੇ ਪਸਾਰ ਵਿੱਚ ਜੁਟੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਪ੍ਰਧਾਨ ਸ. ਹਰਜੀਤ ਸਿੰਘ ਗਰੇਵਾਲ ਵੱਲੋਂ ਡੇਢ ਦਹਾਕੇ ਦੀ ਅਣਥੱਕ ਮਿਹਨਤ ਦਾ ਸਿੱਟਾ ਹੈ ਕਿ ਅੱਜ ਗੱਤਕਾ ਮੁੜ ਤੋਂ ਸਕੂਲਾਂ ਕਾਲਜਾਂ ਅਤੇ ਯੂਨੀਵਰਸਿਟੀਆਂ ਦੀ ਮਾਨਤਾ ਮਾਨਤਾ ਪ੍ਰਾਪਤ ਖੇਡ ਬਣ ਗਿਆ ਹੈ ਅਤੇ ਖੇਲੋ ਇੰਡੀਆ ਯੂਥ ਗੇਮਜ਼ ਦਾ ਵੀ ਹਿੱਸਾ ਬਣ ਗਿਆ ਹੈ। ਫਿਰ ਵੀ ਬੇਹੱਦ ਲੋੜ ਹੈ ਕਿ ਇਸ ਪੁਰਾਤਨ ਖੇਡ ਨੂੰ ਦੇਸ਼ ਵਿਦੇਸ਼ ਵਿੱਚ ਇਸ ਦਾ ਬਣਦਾ ਮਾਣ ਸਨਮਾਨ ਤੇ ਰੁਤਬਾ ਦਿਵਾਉਣ ਤੋਂ ਇਲਾਵਾ ਮਾਨਤਾ ਪਰਾਪਤ ਖੇਡ ਬਨਾਉਣ ਲਈ ਵਧ ਚੜ੍ਹ ਕੇ ਹੰਭਲਾ ਮਾਰਿਆ ਜਾਵੇ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਵਿਰਸੇ ਨੂੰ ਸਦੀਵੀ ਯਾਦ ਰੱਖਣ।

Special credit :-**Shri V.V.S.N.Rao**
**DS Grewal ji , Paramjit singh ji**

*Website -www.globalmiddasfoundation.org*





